Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

# ਪੰਜਾਬੀ ਲੋਕ ਧਰਮ ਤੇ ਅੰਧ ਵਿਸ਼ਵਾਸ
# 'ਖਾਕੂ ਜੇਡ ਨਾ ਕੋਇ' ਦੇ ਸੰਦਰਭ ਵਿਚ



| Kulwinder Kaur | Dr. Lakhwinder Kaur |
|---|---|
| Research Scholar | Assistant Prof. |
| CT University, Ludhiana | CT University, Ludhiana |

ਪੰਜਾਬ ਭਾਰਤ ਦਾ ਮੁੱਖ ਦੁਆਰ ਹੋਣ ਕਰਕੇ ਸ਼ੁਰੂ ਤੋਂ ਹੀ ਇਥੇ ਆਉਣ ਵਾਲੇ ਵਿਦੇਸ਼ੀ ਲੋਕਾਂ/ਹਮਲਾਵਰਾਂ ਦੇ ਪ੍ਰਵੇਸ਼ ਨਾਲ ਜਿਥੇ ਪੰਜਾਬੀ ਸਮਾਜ–ਸਭਿਆਚਾਰਾਂ ਵਿਚ ਵਿਭਿੰਨ ਰੀਤਾ–ਰਸਮਾਂ, ਕਾਰ–ਵਿਹਾਰਾਂ ਅਤੇ ਨਵੀਨ ਕਦਰਾਂ–ਕੀਮਤਾਂ ਦਾ ਆਦਾਨ–ਪ੍ਰਦਾਨ ਹੁੰਦਾ ਹੈ, ਉਥੇ ਨਾਲ ਹੀ ਇਨ੍ਹਾਂ ਲੋਕਾਂ ਨਾਲ ਇਥੇ ਪਹੁੰਚ ਹੋਏ ਵਿਭਿੰਨ ਦੇਵੀ–ਦੇਵਤਿਆਂ ਅਤੇ ਪੀਰ–ਫ਼ਕੀਰਾਂ ਦੀਆਂ ਅਲੌਕਿਕ ਸ਼ਕਤੀਆਂ ਵਿਚ ਵੀ ਭਾਰਤੀ ਜਨ–ਸਮੂਹ ਦੀ ਅਥਾਹ ਸ਼ਰਧਾ ਪਾਈ ਜਾਂਦੀ ਹੈ। ਇਸ ਦੇ ਨਾਲ ਹੀ ਸ਼ਰਧਾਲੂਆਂ ਵਲੋਂ ਇਨ੍ਹਾਂ ਨਾਲ ਸੰਬੰਧਿਤ ਕਈ ਤਰ੍ਹਾਂ ਦੀਆਂ ਪੂਜਾ ਵਿਧੀਆਂ ਮਾਨਤਾਵਾਂ ਤੇ ਰਹਿਤ ਮਰਿਆਦਾਵਾਂ ਵੀ ਨਿਭਾਈਆਂ ਜਾਂਦੀਆਂ ਹਨ। ''ਪੰਜਾਬੀ ਲੋਕ ਧਰਮ ਦਾ ਇਹ ਵਿਸ਼ੇਸ਼ ਲੱਛਣ ਰਿਹਾ ਹੈ ਕਿ ਧਾਰਮਿਕ ਨਾਇਕ ਭਾਵੇ ਉਹ ਮੁਸਲਮਾਨ ਹੋਵੇ ਜਾਂ ਹਿੰਦੂ ਸਾਰੇ ਪੰਜਾਬੀਆਂ ਦੇ ਸਾਂਝੇ ਰਹੇ ਹਨ। ਬਾਬਾ ਫ਼ਰੀਦ, ਸ਼ੇਖ ਹੈਦਰ, ਸਖੀ ਸਰਵਰ, ਸ਼ਾਹ ਮਦਾਰ ਤੇ ਰੋਡੇ ਸ਼ਾਹ ਮੁਸਲਮਾਨ ਫ਼ਕੀਰ ਹੋਣ ਦੇ ਬਾਵਜੂਦ ਸਾਰੇ ਪੰਜਾਬੀਆਂ ਦੇ ਸਾਂਝੇ ਹਨ। ਇਸੇ ਤਰ੍ਹਾਂ ਗੁੱਗਾ ਪੀਰ ਭਾਵੇਂ ਹਿੰਦੂ ਹੈ ਪਰ ਉਸ ਦੀ ਮੰਨਤਾ ਦੂਸਰੇ ਧਰਮਾਂ ਵਾਲੀਆਂ ਵਿਚ ਵੀ ਹੈ। ਪੰਜਾਬੀ ਲੋਕ ਧਰਮ ਦਾ ਜਿਹੜਾ ਮੁਹਾਂਦਰਾ ਅੱਜ ਵੇਖਣ ਨੂੰ ਮਿਲਦਾ ਹੈ ਉਸ ਵਿਚ ਅਨੇਕਾਂ ਧਰਮਾਂ ਦੀਆਂ ਰੂੜ੍ਹੀਆਂ ਦਾ ਮਿੱਸ ਹੈ। ਪੰਜਾਬੀ ਸਮਾਜ–ਸਭਿਆਚਾਰ ਵਿਚ ਲੋਕ ਧਰਮ ਦਾ ਅਹਿਮ ਸਥਾਨ ਹੋਣ ਦੇ ਨਾਲ–ਨਾਲ ਪੰਜਾਬੀ ਸਾਹਿਤ ਦੀਆਂ ਵਿਭਿੰਨ ਧਾਰਾਵਾਂ ਵਿਚ ਵੀ ਪੰਜਾਬੀ ਲੋਕ ਧਰਮ, ਲੋਕ ਵਿਸ਼ਵਾਸਾਂ, ਰਹਿਤ ਮਰਿਆਦਾਵਾਂ ਅਤੇ ਮਾਨਤਾਵਾਂ ਸੰਬੰਧੀ ਮਹੱਤਵਪੂਰਨ ਵਿਚਾਰ ਚਰਚਾ ਹੋਈ ਮਿਲ ਜਾਂਦੀ ਹੈ। ਇਸੇ ਤਰ੍ਹਾਂ ਬਲਦੇਵ ਸਿੰਘ ਦੁਆਰਾ ਰਚਿਤ 'ਖਾਕੂ ਜੇਡ ਨਾ ਕੋਇ' ਨਾਵਲ ਵਿਚ ਬਾਬਾ ਭਗਤੂ ਦੁਆਰਾ ਪਿੰਡ ਦੀ ਇਕ ਸਮਾਧ ਉੱਪਰ ਡੇਰਾ ਲਾ ਕੇ ਆਪਣੀ ਮੰਨਤਾ ਕਰਾਉਣੀ ਅਤੇ ਉਸ ਪ੍ਰਤੀ ਪਿੰਡ ਦੇ ਲੋਕਾਂ ਦਾ ਬੱਝਾ ਹੋਇਆ ਵਿਸ਼ਵਾਸ ਤੇ ਮਾਨਤਾਵਾਂ ਮੌਜੂਦਾ ਪੰਜਾਬੀ ਸਮਾਜ–ਸਭਿਆਚਾਰ ਵਿਚ ਪ੍ਰਚੱਲਿਤ ਅੰਧ–ਵਿਸ਼ਵਾਸਾਂ ਨੂੰ ਬਾਖੂਬੀ ਪੇਸ਼ ਕਰਦੇ ਹਨ।

ਪੰਜਾਬੀ ਸਾਹਿਤ ਦੇ ਖੇਤਰ ਵਿਚ ਬਲਦੇਵ ਸਿੰਘ ਇਕ ਅਜਿਹੇ ਨਾਵਲਕਾਰ ਵਜੋਂ ਜਾਣਿਆਂ ਜਾਣ ਵਾਲਾ ਹਸਤਾਖ਼ਰ ਹੈ, ਜਿਸ ਨੇ ਨਾਵਲ ਰਚਨਾ ਦੇ ਨਾਲ–ਨਾਲ ਵਿਭਿੰਨ ਕਹਾਣੀ ਸੰਗ੍ਰਹਿ, ਕਥਾ ਲੇਖ ਸੰਗ੍ਰਹਿ, ਬਾਲ ਸਾਹਿਤ, ਨਾਟਕ, ਸਫ਼ਰਨਾਮੇ, ਸ੍ਵੈ–ਜੀਵਨੀ ਅਤੇ ਸੰਪਾਦਨਾ ਵਿਚ ਵੀ ਮਹੱਤਵਪੂਰਨ ਯੋਗਦਾਨ ਪਾਇਆ ਹੈ। ਲੇਖਕ ਨੇ ਹੁਣ ਤੱਕ 19 ਨਾਵਲ ਪ੍ਰਕਾਸ਼ਿਤ ਹੋ ਚੁੱਕੇ ਹਨ। ਜਿੰਨ੍ਹਾਂ ਵਿਚ 'ਦੂਸਰਾ ਹੀਰੋਸ਼ੀਮਾ' (1977), 'ਕੱਲਰੀ ਧਰਤੀ (1980), 'ਸੂਲੀ ਟੰਗੇ ਪਹਿਰ (1986), 'ਕੱਚੀਆਂ ਕੰਧਾਂ (1991), 'ਜੀ.ਟੀ.ਰੋਡ (1992), 'ਲਾਲ ਬੱਤੀ (1998), 'ਅੰਨਦਾਤਾ (2002), 'ਪੰਜਵਾਂ ਸਾਹਿਬਜ਼ਾਦਾ (2005), 'ਸਤਲੁਜ ਵਹਿੰਦਾ ਰਿਹਾ (2007), 'ਢਾਹਵਾਂ ਦਿੱਲੀ ਦੇ ਕਿੰਗਰੇ (2009), 'ਮਹਾਂਬਲੀ ਸੂਰਾ (2011), 'ਮੈਂ ਪਾਕਿਸਤਾਨ ਨਹੀਂ ਜਾਣਾ (2012), ਅਫਲਾਤੂਨ (2014), ਗੰਧਲੇ ਪਾਣੀ (2015), ਸੂਰਜ ਦੀ ਅੱਖ (2017), ਇੱਕਵੀ ਸਦੀ (2018), ਵਿਰਲਾ ਵਿਚੋਂ ਝਾਕਦੀ ਜਿੰਦਗੀ (2019), ਸੂਰਜ ਕਦੇ ਮਰਦਾ ਨਹੀ (2020) ਆਦਿ ਹਨ।

ਇਸੇ ਤਰ੍ਹਾਂ 'ਅੰਨਦਾਤਾ' ਨਾਵਲ ਦੇ ਮੁੱਖ ਪਾਤਰ ਵਜ਼ੀਰ ਸਿੰਘ ਦੇ ਵੱਡੇ ਲੜਕੇ ਭਗਤੂ ਕੋਲ ਕੋਈ ਚੰਗਾ ਕਾਰੋਬਾਰ ਨਾ ਹੋਣ ਕਰਕੇ ਅਤੇ ਪੁਰਖਿਆਂ ਕੋਲ ਜ਼ਮੀਨ ਘੱਟ ਹੋਣ ਕਰਕੇ ਉਹ ਨਾ ਹੀ ਵਾਹੀ ਤੇ ਨਾ ਹੀ ਆਸ–ਪਾਸ ਕੋਈ ਮਿਹਨਤ ਮਜ਼ਦੂਰੀ ਕਰਨ ਦਾ ਚਾਹਵਾਨ ਹੈ। ਇਸੇ ਕਰਕੇ ਉਹ ਪਹਿਲਾਂ ਆਪਣੇ ਦੋਸਤਾਂ ਮਾਘੀ ਅਤੇ ਪ੍ਰਕਾਸ਼ ਨਾਲ ਰਲ ਕੇ ਪਿੰਡ ਵਿਚ ਹੀ ਲੁੱਟਾਂ–ਖੋਹਾਂ ਕਰਦਾ ਹੈ ਅਤੇ ਫਿਰ ਕਿਸੇ ਪੱਛਮੀ ਮੁਲਕ ਵਿਚ ਜਾਣ ਦੀ ਜਿੱਦ ਨੂੰ ਪੁਗਾਉਣਾ ਚਾਹੁੰਦਾ ਹੈ। ਕਮਜ਼ੋਰ ਆਰਥਿਕਤਾ ਹੋਣ ਦੇ ਬਾਵਜੂਦ ਵੀ ਉਸ ਦਾ ਬਾਪ ਦੋ ਕਿੱਲੇ ਜ਼ਮੀਨ ਗਹਿਣੇ ਰੱਖ ਕੇ ਉਸ ਨੂੰ ਬਾਹਰ ਭੇਜ ਦਿੰਦਾ ਹੈ। ਇਹ ਜ਼ਮੀਨ ਬਾਅਦ ਵਿਚਜ ਨਾ ਛੁਡਾ ਸਕਣ ਕਰਕੇ ਉਸ ਨੂੰ ਵੇਚਣੀ ਹੀ ਪੈਂਦੀ ਹੈ। ''ਭਗਤੂ ਨੇ ਹੁਣ ਪਿਓ ਦੇ ਨੱਕ ਵਿਚ ਦਮ ਕਰ ਦਿੱਤਾ। ਕੋਈ ਵਾਹ ਨਾ ਜਾਂਦੀ ਵੇਖ ਦੇ ਵਜ਼ੀਰ ਨੇ ਸਰਪੰਚ ਗੁਰਦਾਸ ਕੋਲ ਦੋ ਕਿੱਲੇ ਗਹਿਣੇ ਕਰ ਦਿੱਤੇ। ਪਰੰਤੂ ਬਾਹਰ ਜਾਣ ਦੇ ਬਾਵਜੂਦ ਵੀ ਉਸ ਦੀ ਕਿਸਮਤ ਕੋਈ ਸਾਥ ਨਹੀਂ ਦਿੰਦੀ। ਉਸ ਨੂੰ ਉਥੇ ਵੀ ਕੋਈ ਢੰਗ ਦਾ ਕਾਰੋਬਾਰ ਨਹੀਂ ਲੱਭਦਾ ਅਤੇ ਆਪਣੀ ਹਾਲਤ ਪਹਿਲਾਂ ਨਾਲੋਂ ਵੀ ਖਰਾਬ ਕਰਕੇ ਵਾਪਿਸ ਪਰਤ ਆਉਂਦਾ ਹੈ। ਘਰ ਪਰਤਣ ਉਪਰੰਤ ਇੱਕ ਘੁਮੱਕੜ ਸਾਧ ਬਾਬਾ ਸਾਧਾ ਰਾਮ ਦੇ ਪਿੱਛੇ ਲੱਗ ਕੇ ਭਗਤੂ ਸਿੰਘ ਤੋਂ ਬਾਬਾ ਭਗਤੂ ਬਣ ਕੇ ਬੈਠ ਜਾਂਦਾ ਹੈ ਅਤੇ ਆਪਣੇ ਹੀ ਪਿੰਡ ਦੇ ਭੋਲੇ–ਭਾਲੇ ਲੋਕਾਂ ਨੂੰ ਧਰਮ ਦੀ ਆੜ ਵਿਚ ਮਾਨਸਿਕ ਤੇ ਆਰਥਿਕ ਪੱਖੋਂ ਲੁੱਟ ਦਾ ਸ਼ਿਕਾਰ ਬਣਾਉਣਾ ਸ਼ੁਰੂ ਕਰ ਦਿੰਦਾ ਹੈ।

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

*''ਥਾਂ-ਥਾਂ ਡੇਰੇ ਬਣੀ ਜਾਂਦੇ ਐ। ਜਿਹੜਾ ਕਾਸੇ ਜੋਗਾ ਨ੍ਹੀ ਹੁੰਦਾ, ਸਾਧ*

*ਬਣ ਜਾਂਦੈ। ਵੱਗਾਂ ਦੇ ਵੱਗ ਤੁਰੇ ਫਿਰਦੇ ਐ।''*

ਸੋ ਇਕ ਸਾਧਾਰਨ ਵਿਅਕਤੀ ਤੋਂ ਬਾਬਾ ਭਗਤੂ ਬਣ ਜਾਣ ਉਪਰੰਤ ਆਪਣੇ ਗੁਰੂ ਸਾਧਾ ਰਾਮ ਦੇ ਕਹੇ ਮੁਤਾਬਿਕ ਉਹ ਆਪਣੇ ਪਰਿਵਾਰਿਕ ਮੈਂਬਰਾਂ (ਬਾਬਾ, ਦਾਦਾ, ਮਾਂ-ਪਿਓ, ਭਰਾ,ਭੈਣ,ਪਤਨੀ ਤੇ ਪੁੱਤਰ) ਨਾਲ ਰਿਸ਼ਤਾ ਤੋੜ ਕੇ ਆਪਣੇ ਹੀ ਪਿੰਡ ਅਤੇ ਡੇਰੇ ਉਪਰ ਆਏ ਹੋਏ ਹੋਰਨਾਂ ਲੋਕਾਂ ਨੂੰ ਵਹਿਮਾਂ-ਭਰਮਾਂ ਵੱਸ ਪਾ ਕੇ ਆਪਣੇ ਨਾਲ ਜੋੜਨਾ ਸ਼ੁਰੂ ਕਰ ਦਿੰਦਾ ਹੈ। ਹੌਲੀ-ਹੌਲੀ ਬਾਬਾ ਭਗਤੂ ਦੀ ਮਹਿਮਾ ਦਾ ਪ੍ਰਚਾਰ ਇੰਨਾ ਵੱਧ ਜਾਂਦਾ ਹੈ ਕਿ ਬਹੁਤ ਸਾਰੇ ਅੰਧ-ਵਿਸ਼ਵਾਸੀ ਲੋਕ ਆਪਣੀਆਂ ਮਨੋ-ਕਾਮਨਾਵਾਂ ਦੀ ਪੂਰਤੀ ਹਿੱਤ ਬਾਬਾ ਭਗਤੂ ਦੇ ਡੇਰੇ ਤੇ ਆ ਕੇ ਦਾਨ ਕਰਨਾ ਸ਼ੁਰੂ ਕਰ ਦਿੰਦੇ ਹਨ। ਇਸ ਤਰ੍ਹਾਂ ਉਹੀ ਭਗਤੂ ਜਿਹੜਾ ਕਦੇ ਬੇਰੁਜ਼ਗਾਰੀ ਕਰਕੇ ਵਿਦੇਸ਼ਾਂ ਤੋਂ ਵੀ ਧੱਕੇ ਖਾ ਆਇਆ ਸੀ, ਹੁਣ ਉਹ ਆਪਣੇ ਪਿੰਡ ਹੀ ਬੈਠਾ ਹੋਇਆ ਸ਼ਾਹੀ ਜਿੰਦਗੀ ਬਤੀਤ ਕਰ ਰਿਹਾ ਸੀ। ਹੁਣ ਉਸ ਦਾ ਆਪਣੇ ਨਿੱਜੀ ਕਮਰੇ ਵਿਚ ਏਅਰ ਕੰਡੀਸ਼ਨਰ ਲੱਗਾ ਹੋਇਆ ਸੀ, ਹੇਠਾਂ ਫਰਸ਼ ਤੇ ਕੀਮਤੀ ਗਲੀਚਾ ਵਿਛਿਆ ਹੋਇਆ ਸੀ, ਕੰਧਾਂ ਉਪਰ ਵੱਖ ਵੱਖ ਗੁਰੂਆਂ ਦੀਆਂ ਤਸਵੀਰਾਂ ਲਗਾ ਕਮਰੇ ਨੂੰ ਖੂਬਸੂਰਤ ਤਰੀਕੇ ਨਾਲ ਸਜਾਇਆ ਹੋਇਆ ਸੀ ਤੇ ਇਥੋਂ ਤੱਕ ਕਿ ਉਸ ਦੁਆਰਾ ਮੌਜੂਦਾ ਪਾਖੰਡੀ ਬਾਬਿਆਂ ਦੀ ਠਾਠ-ਬਾਠ ਵਾਲੀ ਜ਼ਿੰਦਗੀ ਨੂੰ ਨਜ਼ਰ ਅੰਦਾਜ਼ ਨਹੀ ਕੀਤਾ ਜਾ ਸਕਦਾ। ''ਇਥੇ ਹੁਣ ਪੈਸਿਆਂ ਦੀ ਤੋਟ ਨਹੀ ਹੈ। ਅੰਦਰ ਬੋਰੀ ਭਰੀ ਪਈ ਹੈ। ਬਥੇਰਾ ਚੜ੍ਹਾਵਾਂ ਚੜ੍ਹਦਾ ਹੈ। ਗੁਪਤ ਦਾਨ ਵੀ ਬਥੇਰਾ ਆਉਂਦੇ। ਚੋਲੇ ਦੇ ਦੋਵੇਂ ਬੋਝੇ ਨੋਟਾਂ ਨਾਲ ਤੁੰਨੇ ਰਹਿੰਦੇ ਹਨ। ਇਹ ਚੜ੍ਹਾਵਾ ਚੜ੍ਹਾਉਣ ਵਿਚ ਜ਼ਿਆਦਾਤਰ ਅਜਿਹੇ ਲੋਕ ਆਉਂਦੇ ਹਨ ਜੋ ਆਪਣੀਆਂ ਘਰੇਲੂ ਸਮੱਸਿਆਵਾਂ ਨੂੰ ਪੇਸ਼ ਕਰਨ ਦੇ ਨਾਲ ਨਾਲ, ਬੱਚਿਆਂ ਦੀ ਪੈਦਾਇਸ਼ ਸੰਬੰਧੀ, ਛਾਇਆ ਤੇ ਨੁਕਸ ਵਾਲੇ, ਕਿਸੇ ਬੀਮਾਰੀ ਕਾਰਨ, ਆਪਣੀ ਈਰਖਾਬਾਜ਼ੀ ਨੂੰ ਨਜਿੱਠਣ ਲਈ ਅਤੇ ਜਾ ਫਿਰ ਕਿਸੇ ਨੂੰ ਆਰਥਿਕ ਤੰਗੀ ਹੁੰਦੀ ਹੈ ਤਾਂ ਉਹ ਬਾਬੇ ਭਗਤੂ ਦੇ ਡੇਰੇ ਤੇ ਆ ਕੇ ਸੁੱਖਣਾ-ਸੁੱਖਣ ਦੇ ਨਾਲ ਨਾਲ ਬਹੁਮੁੱਲਾ ਚੜਾਵਾ ਵੀ ਚੜ੍ਹਾਉਂਦੇ। ਇਸ ਤੋਂ ਇਲਾਵਾ ਬਾਬੇ ਭਗਤੂ ਦੀ ਅਜਿਹੀ ਠਾਠ-ਬਾਠ ਵਾਲੀ ਜਿੰਦਗੀ ਦਾ ਮੂਲ ਸਾਧਨ ਅਮੀਰ ਲੋਕ, ਅਫ਼ਸਰ ਜਾਂ ਮੰਤਰੀ ਵੀ ਬਣਦੇ ਹਨ। ਉਹ ਮੰਤਰੀ ਜਿਹੜੇ ਕਦੇ ਅਜਿਹੇ ਛੋਟੇ ਪਿੰਡਾਂ ਦੇ ਆਸ-ਪਾਸ ਦੇ ਰਸਤਿਆਂ ਤੋਂ ਵੀ ਨਹੀ ਲੰਘਦੇ, ਚੱਕ ਬੁੜ ਸਿੰਘ ਵਿਚ ਉਹ ਕੇਵਲ ਆਪਣਾ ਵੋਟ ਬੈਂਕ ਬਣਾਉਣ ਆਉਂਦੇ ਹਨ।

ਭਾਰਤੀ ਸਮਾਜ ਵਿਚ ਵਿਚਰ ਰਹੀ ਔਰਤ ਦੀ ਸਮਾਜਿਕ ਸਥਿਤੀ ਦੇ ਪਿਛੋਕੜ ਵੱਲ ਜੇਕਰ ਝਾਤੀ ਮਾਰੀ ਜਾਵੇ ਤਾਂ ਸਪੱਸ਼ਟ ਹੁੰਦਾ ਹੈ ਕਿ ਔਰਤ ਸ਼ੁਰੂ ਤੋਂ ਹੀ ਮਰਦ ਦੀ ਪਿਛਲੱਗ ਬਣ ਕੇ ਆਪਣਾ ਜੀਵਨ ਬਤੀਤ ਕਰਦੀ ਰਹੀ ਹੈ। ਮੌਜੂਦਾ ਸਮੇਂ ਵੀ ਪੰਜਾਬ ਦੇ ਬਹੁਤ ਸਾਰੇ ਪਿੰਡ ਅਤੇ ਸ਼ਹਿਰੀ ਇਲਾਕੇ ਮਿਲ ਜਾਂਦੇ ਹਨ ਜਿਨ੍ਹਾਂ ਵਿਚ ਘਰ ਦੇ ਮਰਦਾਂ ਕੋਲ ਕੋਈ ਢੰਗ ਦਾ ਕਾਰੋਬਾਰ ਨਾ ਹੋਣ ਕਰਕੇ ਅਕਸਰ ਔਰਤਾਂ ਨੂੰ ਵੀ ਰੋਜ਼ੀ-ਰੋਟੀ ਲਈ ਮਿਹਨਤ ਮਜਦੂਰੀ ਕਰਨੀ ਪੈਂਦੀ ਹੈ। ਇਸ ਦੇ ਨਾਲ ਹੀ ਔਰਤਾਂ ਦਾ ਵਿਆਹ ਹੋ ਜਾਣ ਉਪਰੰਤ ਜੇਕਰ ਉਸ ਦੇ ਘਰ ਕੋਈ ਔਲਾਦ ਨਹੀ ਹੁੰਦੀ ਤਾਂ ਉਸ ਨੂੰ ਅਭਾਗਣ ਸਮਝ ਕੇ ਜਾਂ ਤਾਂ ਘਰੋਂ ਕੱਢ ਦਿੱਤਾ ਜਾਂਦਾ ਹੈ ਜਾਂ ਫਿਰ ਉਸ ਨਾਲ ਬਹੁਤ ਬੁਰਾ ਵਿਵਹਾਰ ਕੀਤਾ ਜਾਦਾ ਹੈ। ਅਜਿਹੀ ਮਨੋਸਥਿਤੀ ਵਿਚ ਅਕਸਰ ਅਨਪੜ੍ਹ ਤੇ ਹਿੰਮਤ ਹਾਰ ਚੁੱਕੀਆਂ ਔਰਤਾਂ ਆਸ-ਪਾਸ ਦੇ ਕਿਸੇ ਪੰਡਿਤ, ਪਰੋਹਿਤ ਜਾਂ ਕਿਸੇ ਸਿਆਣੇ (ਜਾਦੂ-ਟੂਣਾਦ ਕਰਨ ਵਾਲੇ) ਵਿਅਕਤੀ ਦਾ ਸਹਾਰਾ ਲੈਂਦੀਆਂ ਵੀ ਨਜ਼ਰ ਆਉਂਦੀਆਂ ਹਨ ਜਿਥੇ ਉਨ੍ਹਾਂ ਦਾ ਹਰੇਕ ਪੱਖੋਂ ਸ਼ੋਸ਼ਣ ਹੁੰਦਾ ਹੈ।

ਲੋਕ ਮਨੋਰੰਜਨ ਹੋਣ ਦੇ ਨਾਲ ਨਾਲ ਮਨਾਏ ਜਾਂਦੇ ਇਨ੍ਹਾਂ ਮੇਲਿਆਂ/ਬਰਸੀਆਂ ਦਾ ਇਕ ਹੋਰ ਪੱਖ ਵੀ ਉੱਘੜ ਕੇ ਸਾਹਮਣੇ ਆਉਂਦਾ ਹੈ ਹੈ ਕਿ ਇਹ ਅਕਸਰ ਉਸ ਸਮੇਂ ਮਨਾਏ ਜਾਂਦੇ ਹਨ, ਜਦੋ ਮਿਹਨਤ ਮੁਸ਼ੱਕਤ ਕਰਨ ਵਾਲੇ ਲੋਕ ਆਪਣੇ ਨਿਤਾਪ੍ਰਤੀ ਦੇ ਕੰਮਾਂ ਖ਼ਾਸ ਕਰ ਖੇਤੀਬਾੜੀ ਦੇ ਰੁਝੇਵਿਆਂ ਤੋਂ ਵਿਹਲੇ ਹੋਏ ਹੁੰਦੇ ਹਨ। ਆਪਣੇ ਨਿਤਾਪ੍ਰਤੀ ਦੇ ਇਨ੍ਹਾਂ ਅਕਾਊ ਰੁਝੇਵਿਆਂ ਤੋਂ ਰਾਹਤ ਲੈਣ ਅਤੇ ਆਉਣ ਵਾਲੇ ਸਮੇਂ ਲਈ ਸਰੀਰਕ ਊਰਜਾ ਪ੍ਰਾਪਤ ਕਰਨ ਲਈ ਵੀ ਇਨ੍ਹਾਂ ਲੋਕਾਂ ਮੇਲਿਆਂ ਵਿਚ ਜਨ ਸਮੂਹ ਦੀ ਸ਼ਮੂਲੀਅਤ ਹੁੰਦੀ ਦਿਖਾਈ ਦਿੰਦੀ ਹੈ। ਪੰਜਾਬ ਦੇ ਸਾਂਸਕ੍ਰਿਤਕ ਇਤਿਹਾਸ ਵਿਚ ਮੇਲਿਆਂ

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

ਮਸਾਣਿਆਂ ਦੀ ਰੀਤ ਨੂੰ ਪ੍ਰਚੱਲਿਤ ਕਰਨ ਦਾ ਮੁੱਢਲਾ ਮਨੋਰਥ ਜੀਵਨ ਦੀ ਸਾਧਾਰਨ ਰੌ ਵਿਚ ਖੁੱਭੇ ਲੋਕਾਂ ਲਈ ਇਕੱਠੇ ਹੋ ਕੇ ਇਕ ਦੂਜੇ ਨੂੰ ਮਿਲਣ-ਗਿਲਣ, ਵਿਭਿੰਨ ਖੇਡਾਂ, ਤਮਾਸ਼ਿਆਂ ਰਾਹੀਂ ਮਨੋਰੰਜਨ ਕਰਨ ਤੇ ਫਿਰ ਨਵੀ ਸ਼ਕਤੀ ਨਾਲ ਉਸੇ ਸਾਧਾਰਨ ਰੌ ਵਿਚ ਕਾਰਜਸ਼ੀਲ ਹੋਣ ਉੱਤੇ ਆਧਾਰਿਤ ਸੀ। ਬਾਬਾ ਭਗਤੂ ਦੇ ਡੇਰੇ ਉਪਰ ਮੇਲਿਆਂ ਅਤੇ ਬਰਸੀਆਂ ਦੌਰਾਨ ਹੋਣ ਵਾਲੇ ਇਕੱਠ ਤੋਂ ਇਲਾਵਾ ਹਰੇਕ ਐਤਵਾਰ ਵਾਲੇ ਦਿਨ ਵੀ ਚੱਕ ਬੂੜ ਸਿੰਘ ਅਤੇ ਆਸ-ਪਾਸ ਦੇ ਹੋਰਨਾਂ ਪਿੰਡਾਂ ਤੋਂ ਬਹੁਤ ਸਾਰੇ ਲੋਕ ਵੀ ਡੇਰੇ ਵਿਚ ਪਹੁੰਚਦੇ ਹਨ। ਇਸ ਦਿਨ ਬਾਬਾ ਭਗਤੂ ਡੇਰੇ ਵਿਚ ਆਈਆਂ ਸੰਗਤਾਂ ਨੂੰ ਖੁੱਲ੍ਹੇ ਦਰਸ਼ਨ ਦਿੰਦਾ ਸੀ। ਇਸੇ ਕਰਕੇ ਇਸ ਦਿਨ ਵੀ ਡੇਰੇ ਵਿਚ ਬਹੁਤ ਸਾਰੇ ਲੋਕ ਪਹੁੰਚਦੇ ਦਿਖਾਈ ਦਿੰਦੇ ਹਨ। ਨਤੀਜੇ ਵਜੋਂ ਐਤਵਾਰ ਵਾਲੇ ਦਿਨ ਵੀ ਡੇਰੇ ਦਾ ਮਾਹੌਲ ਇਕ ਤਰ੍ਹਾਂ ਨਾਲ ਲੋਕ ਮੇਲੇ ਦਾ ਰੂਪ ਧਾਰਨ ਕਰ ਲੈਂਦਾ ਸੀ। ਪਿੰਡ ਦੀਆਂ ਔਰਤਾਂ ਤਾ ਹਫ਼ਤੇ ਭਰ ਦੇ ਅਕਾਊ ਰੁਝੇਵਿਆਂ ਤੋਂ ਵਿਹਲੀਆਂ ਹੋ ਕੇ ਖ਼ਾਸ ਕਰ ਆਪਣੀ ਗੁਫਤਗੂ ਕਰਨ ਲਈ ਡੇਰੇ ਵਿਚ ਪਹੁੰਚਦੀਆਂ ਹਨ।

*ਤੀਵੀਆਂ ਲਈ ਤਾਂ ਐਤਵਾਰ ਦਾ ਦਿਨ ਮਸਾਂ ਆਉਂਦਾ। ਉਹ ਦੋ*

*ਦਿਨ ਪਹਿਲਾਂ ਹੀ ਡੇਰੇ ਜਾਣ ਦੀ ਤਿਆਰੀ ਕਰਨ ਲੱਗਦੀਆਂ। ਕਈ*

*ਤਾਂ ਸਿਰਫ਼ ਗੇੜਾ ਕੱਢਣ ਈ ਜਾਂਦੀਆਂ।....'ਆਪ ਤਾਂ ਬੰਦੇ ਵੀਹ ਥਾਂਈਂ*

*ਧੱਕੇ ਖਾਂਦੇ ਫਿਰਦੇ ਐ। ਅਸੀਂ ਚੁੱਲ੍ਹੇ-ਚੌਕੇ ਤੇ ਗੋਹ ਥੱਪਣ ਨੂੰ ਈ ਬਣੀਐਂ।*

*ਇਕ ਪਾਸੇ ਤਾਂ ਰੋਟੀ ਸੜ ਜਾਂਦੀ ਐ। ਚੱਲ ਭੈਣੇ, ਡੇਰੇ ਦੇ ਬਹਾਨੇ,*

*ਨਾਲੇ ਕੋਈ ਚੰਗੀ ਗੱਲ ਕੰਨੀ ਪਊਗੀ, ਬਾਬੇ ਦੇ ਦਰਸ਼ਨ ਹੋਣਗੇ ਨਾਲ*

*ਮੇਲਾ ਵੇਖ ਆਵਾਂਗੀਆਂ ਤੇ ਉਹ ਟੋਲੀਆਂ ਬਣਾ ਕੇ ਜਾਂਦੀਆਂ।*

ਸੋ ਇਸ ਪ੍ਰਕਾਰ ਕਿਹਾ ਜਾ ਸਕਦਾ ਹੈ ਕਿ ਪੁਰਾਤਨ ਸਮੇਂ ਤੋਂ ਲੈ ਕੇ ਹੁਣ ਤੱਕ ਆਮ ਸਾਧਾਰਨ ਲੋਕ ਆਪਣੇ ਧਾਰਮਿਕ ਅਤੇ ਮਾਨਸਿਕ ਭਾਵਾਂ ਦੀ ਸੰਤੁਸ਼ਟੀ ਲਈ ਸਮੇਂ-ਸਮੇਂ ਵਿਭਿੰਨ ਧਰਮਾਂ, ਦੇਵੀ-ਦੇਵਤਿਆਂ ਜਾਂ ਡੇਰਿਆਂ ਪ੍ਰਤੀ ਆਕਰਸ਼ਿਤ ਹੁੰਦੇ ਰਹਿੰਦੇ ਹਨ। ਪੰਜਾਬੀ ਸਮਾਜ ਵਿਚ ਪ੍ਰਚੱਲਿਤ ਵਿਭਿੰਨ ਡੇਰਿਆਂ/ਦੇਵੀ-ਦੇਵਤਿਆਂ ਦੀ ਕਾਲਪਨਿਕ ਹੋਂਦ ਪੰਜਾਬੀ ਲੋਕ ਧਰਮ ਦੇ ਪੈਮਾਨਿਆਂ ਨੂੰ ਰੂਪਮਾਨ ਕਰਨ ਵਿਚ ਅਤਿਅੰਤ ਸਹਾਈ ਹੁੰਦੀ ਹੈ। ਇਸੇ ਕਰਕੇ ਬਹੁਤ ਸਾਰੇ ਲੋਕ ਆਪਣੀਆਂ ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਕ ਮਨੋ-ਕਾਮਨਾਵਾਂ ਦੀ ਪੂਰਤੀ ਹਿੱਤ ਇਨ੍ਹਾਂ ਪ੍ਰਤੀ ਅੰਧ ਵਿਸ਼ਵਾਸਾਂ ਦੇ ਧਾਰਨੀ ਬਣ ਜਾਂਦੇ ਹਨ। 'ਖਾਕੂ ਜੇਡ ਨਾ ਕੋਇ' ਨਾਵਲ ਦੇ ਸੰਦਰਭ ਵਿਚ ਇਹ ਵੀ ਸਿੱਧ ਹੁੰਦਾ ਹੈ ਕਿ ਮਾਲਵੇ ਦੇ ਇਕ ਪਿੰਡ ਬੂੜ ਸਿੰਘ ਨੂੰ ਵਸਾਉਣ ਵਾਲੇ ਇਕ ਪੁਰਖੇ/ਜਠੇਰੇ ਦੀ ਬਣੀ ਹੋਈ ਸਮਾਧ ਦਾ ਸਹਾਰਾ ਲੈ ਕੇ ਬਾਬਾ ਭਗਤੂ ਦੀ ਭੋਲੇ ਭਾਲੇ ਲੋਕਾਂ ਦੀ ਮਾਨਸਿਕਤਾ ਨੂੰ ਅੰਧ ਵਿਸ਼ਵਾਸ ਵਿਚ ਪਾ ਕੇ ਉਹਨਾਂ ਦਾ ਹਰੇਕ ਪੱਖੋਂ ਸ਼ੋਸ਼ਣ ਕਰਦਾ ਹੈ। ਉਹ ਖੁਦ ਐਸ਼ ਪ੍ਰਸਤੀ ਵਾਲਾ ਜੀਵਨ ਬਤੀਤ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਗੈਰ ਕਾਨੂੰਨੀ ਕਾਰਨਾਮਿਆਂ ਨੂੰ ਵੀ ਅੰਜ਼ਾਮ ਦਿੰਦਾ ਹੈ। ਜੇਕਰ ਅਜੋਕੇ ਪੰਜਾਬੀ ਸਮਾਜ-ਸਭਿਆਚਾਰ ਵਿਚ ਪੰਜਾਬੀ ਲੋਕ ਧਰਮ ਦੇ ਅੰਤਰਗਤ ਵਿਚਰਦੇ ਪਾਖੰਡੀ ਸਾਧਾਂ/ਬਾਬਿਆਂ ਦੀ ਸ਼ਖ਼ਸੀਅਤ ਦਾ ਗਹਿਨ ਅਧਿਐਨ ਕੀਤਾ ਜਾਵੇ ਤਾਂ ਇਹ ਨਾਵਲ ਵਿਚ ਪੇਸ਼ ਹੋਏ ਸਾਰੇ ਪੱਖ ਇਨ੍ਹਾਂ ਨਾਲ ਮੇਲ ਖਾਂਦੇ ਨਜ਼ਰ ਆਉਂਦੇ ਹਨ। ਸੋ ਪੰਜਾਬੀ ਲੋਕ ਧਰਮ ਦੇ ਅੰਤਰਗਤ ਕੀਤੀ ਜਾਂਦੀ ਜਠੇਰਿਆਂ ਦੀ ਪੂਜਾ ਨੂੰ ਆਧਾਰ ਬਣਾ ਕੇ ਬਾਬਾ ਭਗਤੂ ਦੁਆਰਾ ਆਪਣੇ ਹੀ ਪਿੰਡ ਅਤੇ ਆਸ ਪਾਸ ਦੇ ਹੋਰਨਾਂ ਪਿੰਡਾਂ ਦੇ ਭੋਲੇ-ਭਾਲੇ ਲੋਕਾਂ ਤੇ ਕੀਤੇ ਜਾਂਦੇ ਸ਼ੋਸ਼ਣ ਸੰਬੰਧੀ ਵਿਚਾਰ ਚਰਚਾ ਕਰਨ ਉਪਰੰਤ ਸਪੱਸ਼ਟ ਹੋ ਜਾਂਦਾ ਹੈ ਕਿ ਸ਼ੁਰੂ ਤੋਂ ਲੈ ਕੇ ਹੁਣ ਤੱਕ ਪੰਜਾਬੀ ਜਨ-ਸਮੂਹ ਦੁਆਰਾ ਲੋਕ ਧਰਮ ਦੀਆਂ ਕਰਾਮਾਤੀ ਸ਼ਕਤੀਆਂ ਪ੍ਰਤੀ ਫੈਲੇ ਅੰਧ-ਵਿਸ਼ਵਾਸ਼ਾਂ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ।

Vidhyayana - ISSN 2454-8596
An International Multidisciplinary Peer-Reviewed E-Journal
www.j.vidhyayanaejournal.org
Indexed in: ROAD & Google Scholar

## ਹਵਾਲੇ ਅਤੇ ਟਿੱਪਣੀਆਂ

1) ਡਾ. ਗੁਰਮੀਤ ਸਿੰਘ, ਪੰਜਾਬੀ ਲੋਕਧਾਰਾ ਦੇ ਕੁਝ ਪੱਖ, ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ 2006, ਪੰਨਾ 22

2) ਬਲਦੇਵ ਸਿੰਘ, ਅੰਨਦਾਤਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ 2013, ਪੰਨਾ 67

3) ਬਲਦੇਵ ਸਿੰਘ ਖਾਕੂ ਜੇਡ ਨਾ ਕੋਇ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ 2013, ਪੰਨਾ 67

4) ਉਹੀ, ਪੰਨਾ 11

5) ਉਹੀ, ਪੰਨਾ 9

6) ਉਹੀ, ਪੰਨਾ 108

7) ਉਹੀ, ਪੰਨਾ 53–54

8) ਉਹੀ, ਪੰਨਾ 181

9) ਉਹੀ, ਪੰਨਾ 191–92

10) ਉਹੀ, ਪੰਨਾ 111

11) ਮਹਿੰਦਰ ਸਿੰਘ ਰੰਧਾਵਾ (ਸੰਪ.) ਪੰਜਾਬੀ, ਭਾਸ਼ਾ ਵਿਭਾਗ, ਪਟਿਆਲਾ, 1960, ਪੰਨਾ 195

12) ਡਾ. ਸੁਖਦੇਵ ਸਿੰਘ ਖਾਹਰਾ, ਪੰਜਾਬੀ ਨਾਵਲ ਵਿਚ ਸਾਂਸਕ੍ਰਿਤਕ ਚੇਤਨਾ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ 1988, ਪੰਨਾ 59

13) ਬਲਦੇਵ ਸਿੰਘ, ਖਾਕੂ ਜੇਡ ਨਾ ਕੋਇ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ 2013, ਪੰਨਾ 180

14) ਉਹੀ, ਪੰਨਾ 267

15) ਉਹੀ, ਪੰਨਾ 335